ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਹਿਰੀ ਕੰਪਲੈਕਸ, ਮਲੇਰਕੋਟਲਾ

ਪਬਲਿਕ ਨੋਟਿਸ

ਨੰਬਰ: 605 ਮਿਤੀ: 21.09.2026

ਵਿਸ਼ਾ: ਪੈਰਾ ਲੀਗਲ ਵਲੰਟੀਅਰ ਵਜੋਂ ਭਰਤੀ ਲਈ ਅਰਜ਼ੀਆਂ ਦੇਣ ਦੀ ਆਖਰੀ ਮਿਤੀ ਵਿੱਚ ਵਾਧਾ

ਇਸ ਦਫ਼ਤਰ ਵੱਲੋਂ ਜਾਰੀ ਪਬਲਿਕ ਨੋਟਿਸ ਨੰਬਰ 422, ਮਿਤੀ 07.08.2026 ਅਤੇ 585 ਮਿਤੀ 15.09.2026 ਦੇ ਸੰਦਰਭ ਵਿੱਚ, ਜਿਸ ਰਾਹੀਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਪੈਰਾ ਲੀਗਲ ਵਲੰਟੀਅਰ (Para Legal Volunteers) ਵਜੋਂ ਸਵੈ-ਇੱਛਾ ਨਾਲ ਕੰਮ ਕਰਨ ਦੇ ਚਾਹਵਾਨ, ਯੋਗ ਅਤੇ ਪੜ੍ਹੇ-ਲਿਖੇ ਵਿਅਕਤੀਆਂ ਪਾਸੋਂ ਅਰਜ਼ੀਆਂ ਮੰਗੀਆਂ ਗਈਆਂ ਸਨ, ਸਭ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਨੋਟਿਸ ਵਿੱਚ ਦਰਜ ਅਰਜ਼ੀਆਂ ਦੇਣ ਦੀ ਆਖਰੀ ਮਿਤੀ 22.09.2026 ਨੂੰ ਵਧਾ ਕੇ 30.09.2026 ਕਰ ਦਿੱਤੀ ਗਈ ਹੈ।

ਇਸ ਲਈ, ਸਾਰੇ ਯੋਗ ਅਤੇ ਚਾਹਵਾਨ ਵਿਅਕਤੀ, ਜੋ ਉਕਤ ਨੋਟਿਸ ਵਿੱਚ ਦਰਸਾਈਆਂ ਗਈਆਂ ਕੈਟਾਗਰੀਆਂ ਅਧੀਨ ਆਉਂਦੇ ਹਨ, ਆਪਣੀ ਦਰਖਾਸਤ ਨਿਰਧਾਰਿਤ ਪ੍ਰੋਫਾਰਮੇ ਸਮੇਤ ਲੋੜੀਂਦੇ ਦਸਤਾਵੇਜ਼ਾਂ ਦੀਆਂ ਸਵੈ-ਤਸਦੀਕ ਕਾਪੀਆਂ ਨੱਥੀ ਕਰਕੇ, ਮਿਤੀ 30.09.2026 ਨੂੰ ਦੁਪਹਿਰ 04:00 ਵਜੇ ਤੱਕ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਹਿਰੀ ਕੰਪਲੈਕਸ, ਮਲੇਰਕੋਟਲਾ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

ਪਬਲਿਕ ਨੋਟਿਸ ਨੰਬਰ 422, ਮਿਤੀ 07.08.2026 ਦੀਆਂ ਬਾਕੀ ਸਾਰੀਆਂ ਸ਼ਰਤਾਂ ਅਤੇ ਹਦਾਇਤਾਂ ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ।

ਮਿਤੀ: 21.09.2026

ਸਹੀ/-

ਸਕੱਤਰ,

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,

ਮਲੇਰਕੋਟਲਾ

ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਹਿਰੀ ਕੰਪਲੈਕਸ, ਮਲੇਰਕੋਟਲਾ

ਪਬਲਿਕ ਨੋਟਿਸ

ਨੰਬਰ: 585 ਮਿਤੀ: 15.09.2026

ਵਿਸ਼ਾ: ਪੈਰਾ ਲੀਗਲ ਵਲੰਟੀਅਰ ਵਜੋਂ ਭਰਤੀ ਲਈ ਅਰਜ਼ੀਆਂ ਦੇਣ ਦੀ ਆਖਰੀ ਮਿਤੀ ਵਿੱਚ ਵਾਧਾ

ਇਸ ਦਫ਼ਤਰ ਵੱਲੋਂ ਜਾਰੀ ਪਬਲਿਕ ਨੋਟਿਸ ਨੰਬਰ 422, ਮਿਤੀ 07.08.2026 ਦੇ ਸੰਦਰਭ ਵਿੱਚ, ਜਿਸ ਰਾਹੀਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਪੈਰਾ ਲੀਗਲ ਵਲੰਟੀਅਰ (Para Legal Volunteers) ਵਜੋਂ ਸਵੈ-ਇੱਛਾ ਨਾਲ ਕੰਮ ਕਰਨ ਦੇ ਚਾਹਵਾਨ, ਯੋਗ ਅਤੇ ਪੜ੍ਹੇ-ਲਿਖੇ ਵਿਅਕਤੀਆਂ ਪਾਸੋਂ ਅਰਜ਼ੀਆਂ ਮੰਗੀਆਂ ਗਈਆਂ ਸਨ, ਸਭ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਨੋਟਿਸ ਵਿੱਚ ਦਰਜ ਅਰਜ਼ੀਆਂ ਦੇਣ ਦੀ ਆਖਰੀ ਮਿਤੀ 15.09.2026 ਨੂੰ ਵਧਾ ਕੇ 22.09.2026 ਕਰ ਦਿੱਤੀ ਗਈ ਹੈ।

ਇਸ ਲਈ, ਸਾਰੇ ਯੋਗ ਅਤੇ ਚਾਹਵਾਨ ਵਿਅਕਤੀ, ਜੋ ਉਕਤ ਨੋਟਿਸ ਵਿੱਚ ਦਰਸਾਈਆਂ ਗਈਆਂ ਕੈਟਾਗਰੀਆਂ ਅਧੀਨ ਆਉਂਦੇ ਹਨ, ਆਪਣੀ ਦਰਖਾਸਤ ਨਿਰਧਾਰਿਤ ਪ੍ਰੋਫਾਰਮੇ ਸਮੇਤ ਲੋੜੀਂਦੇ ਦਸਤਾਵੇਜ਼ਾਂ ਦੀਆਂ ਸਵੈ-ਤਸਦੀਕ ਕਾਪੀਆਂ ਨੱਥੀ ਕਰਕੇ, ਮਿਤੀ 22.09.2026 ਨੂੰ ਦੁਪਹਿਰ 04:00 ਵਜੇ ਤੱਕ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਹਿਰੀ ਕੰਪਲੈਕਸ, ਮਲੇਰਕੋਟਲਾ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

ਪਬਲਿਕ ਨੋਟਿਸ ਨੰਬਰ 422, ਮਿਤੀ 07.08.2026 ਦੀਆਂ ਬਾਕੀ ਸਾਰੀਆਂ ਸ਼ਰਤਾਂ ਅਤੇ ਹਦਾਇਤਾਂ ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ।

ਮਿਤੀ: 15.09.2026

Sd/-

ਸਕੱਤਰ,

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,

ਮਲੇਰਕੋਟਲਾ

Scanned with OKEN Scanner

<u>ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਅਦਾਲਤ ਕੰਪਲੈਕਸ, ਮਲੇਰਕੋਟਲਾ</u>

<u>ਪਬਲਿਕ ਨੋਟਿਸ</u>

ਨੰਬਰ:422 ਮਿਤੀ: 07.08.2026

"If You have the zeal in you, we need you"

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਸਵੈ-ਇੱਛਾ (Voluntarily) ਨਾਲ ਕੰਮ ਕਰਨ ਦੇ ਚਾਹਵਾਨ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ Para Legal Volunteers ਦੀ ਚੋਣ ਕੀਤੀ ਜਾਣੀ ਹੈ। ਘੱਟੋ-ਘੱਟ ਦਸਵੀਂ ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਲਈ ਸਵੈ-ਇੱਛਾ ਨਾਲ ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਤੇ **<u>ਮਿਤੀ 15.09.2026 ਬਾਅਦ ਦੁਪਹਿਰ 04:00 ਵਜੇ</u>** ਤੱਕ ਦਫ਼ਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕੋਰਟ ਕੰਪਲੈਕਸ, ਮਲੇਰਕੋਟਲਾ ਵਿੱਚ ਦੇ ਸਕਦੇ ਹਨ:-

* Teachers (including retired teachers).
* Retired Government servants and senior citizens.
* M.S.W. students and teachers.
* Anganwadi Workers.
* Doctors/Physicians.
* Students & Law Students (till they enroll as lawyers).
* Members of non-political, service-oriented NGOs and Clubs.
* Members of Women Neighborhood Groups, Maithri Sanghams and other Self Help Groups including of marginalized/vulnerable groups.
* Educated prisoners with good behavior, serving long term sentences in prisons.
* Any other literate person, preferably matriculate who is interested for Social Service.

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਵੱਜੋਂ ਚੁਣੇ ਗਏ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਕੀਤੇ ਜਾਣ ਵਾਲੇ ਮਾਣ-ਭੱਤੇ (Honorarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨ/ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ ਬਣਦੇ ਮਾਣ-ਭੱਤੇ (Honorarium) ਦੀ ਅਦਾਇਗੀ ਕੀਤੀ ਜਾਵੇਗੀ। ਚੁਣੇ ਗਏ ਪੈਰਾ ਲੀਗਲ ਵਲੰਟੀਅਰਜ਼ ਨੂੰ ਸਮੇਂ-ਸਮੇਂ ਲੋੜ ਅਨੁਸਾਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਲੇਰਕੋਟਲਾ ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਕੰਮ ਸੌਂਪੇ ਜਾ ਸਕਦੇ ਹਨ ।

<u>ਵਿਸ਼ੇਸ਼ ਨੋਟ</u> :-

- **ਅਪਲਾਈ ਕਰਨ ਵਾਲੇ ਉਮੀਦਵਾਰ ਦੇ ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਸਿਵਲ ਜਾਂ ਫੌਜਦਾਰੀ ਕੇਸ ਲੰਬਤ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ।**
- **ਅਪਲਾਈ ਕਰਨ ਵਾਲੇ ਉਮੀਦਵਾਰ ਕਿਸੇ ਵੀ ਸਿਆਸੀ ਪਾਰਟੀ ਦੇ ਸਰਗਰਮ ਸਿਆਸੀ ਉਤਸ਼ਾਹੀ** (active political enthusiast) **ਨਹੀਂ ਹੋਣੇ ਚਾਹਿਦੇ।**

ਮਿਤੀ: 07.08.2026

ਸਹੀ/-
ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਮਲੇਰਕੋਟਲਾ।

ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖ਼ਾਸਤ ਭੇਜਣ ਲਈ ਪ੍ਰੋਫਾਰਮਾ

ਇੱਥੇ ਸਵੈ ਤਸਦੀਕ ਫੋਟੋ ਚਿਪਕਾਈ ਜਾਵੇ

1. ਨਾਮ : _____
2. ਪਿਤਾ/ਪਤੀ ਦਾ ਨਾਮ : _____
3. ਜਨਮ ਮਿਤੀ (dd/mm/yyyy) : _____
4. ਕੈਟਾਗਰੀ (Gen/SC/ST/BC/Other) : _____

   (ਸਵੈ-ਤਸਦੀਕ ਕਾਪੀ ਨੱਥੀ ਕੀਤੀ ਜਾਵੇ)

5. ਘਰ ਦਾ ਪੱਕਾ ਪਤਾ : _____

   (ਦਸਤਾਵੇਜ ਦੀ ਸਵੈ-ਤਸਦੀਕ ਕਾਪੀ ਨੱਥੀ _____

   ਕੀਤੀ ਜਾਵੇ) _____

6. ਪੱਤਰ-ਵਿਹਾਰ ਲਈ ਪਤਾ : _____

   _____

   _____

7. ਵਿੱਦਿਅਕ ਯੋਗਤਾਵਾਂ : _____

   (ਦਸਤਾਵੇਜਾਂ ਦੀਆਂ ਸਵੈ-ਤਸਦੀਕ ਕਾਪੀਆਂ _____

   ਨੱਥੀ ਕੀਤੀਆਂ ਜਾਣ)

8. ਕੰਮ ਦਾ ਖੇਤਰ : _____
9. ਤਜ਼ਰਬਾ (ਜੇਕਰ ਕੋਈ ਹੋਵੇ) : _____

   (ਸਵੈ-ਤਸਦੀਕ ਕਾਪੀ ਨੱਥੀ ਕੀਤੀ ਜਾਵੇ) _____

10. ਕਿੱਥੇ ਕੰਮ ਕਰਨ ਦੇ ਇੱਛਕ ਹੋ : _____

    (ਜ਼ਿਲ੍ਹਾ/ਉਪ ਮੰਡਲ ਤੇ)

11. ਮੋਬਾਇਲ ਨੰਬਰ (Mandatory) : _____
12. ਈ.ਮੇਲ. ਆਈ.ਡੀ. (Mandatory) : _____

ਮਿਤੀ:

ਸਥਾਨ: ਉਮੀਦਵਾਰ ਦੇ ਹਸਤਾਖ਼ਰ

ਸਵੈਘੋਸ਼ਨਾ

- ਮੈਂ ਘੋਸ਼ਨਾ ਕਰਦਾ ਹਾਂ ਕਿ ਮੇਰੇ ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਵੀ ਸਿਵਲ ਜਾਂ ਫੌਜਦਾਰੀ ਮੁਕੱਦਮਾਂ ਲੰਬਤ ਨਹੀਂ ਹੈ ਅਤੇ ਨਾ ਹੀ ਮੈਨੂੰ ਕਦੇ ਕਿਸੇ ਵੀ ਕੇਸ ਵਿੱਚ ਕਿਸੇ ਵੀ ਨਿਆਂਇਕ ਅਦਾਲਤ ਵੱਲੋਂ ਕੋਈ ਸਜ਼ਾ ਸੁਣਾਈ ਗਈ ਹੈ।
- ਮੈ ਘੋਸ਼ਨਾ ਕਰਦਾ ਹਾਂ ਕਿ ਮੈਂ ਕਿਸੇ ਵੀ ਸਿਆਸੀ ਪਾਰਟੀ ਦਾ ਸਰਗਰਮ ਸਿਆਸੀ ਉਤਸ਼ਾਹੀ ਨਹੀਂ ਹਾਂ।

ਮਿਤੀ:

ਸਥਾਨ: ਉਮੀਦਵਾਰ ਦੇ ਹਸਤਾਖ਼ਰ